# ਹਰੇ ਡੱਬੇ ਵਿੱਚ ਕੀ ਪਾਉਣਾ ਹੈ?

- ਕੁਦਰਤੀ ਤਰੀਕੇ ਨਾਲ ਸੜਨਸ਼ੀਲ ਬੈਗਾਂ ਦੀ ਵਰਤੋਂ ਨਾ ਕਰੋ।
- ਪਲਾਸਟਿਕ ਬੈਗ ਨੂੰ ਮੋੜੋ ਜਾਂ ਹਲਕੀ ਗੱਠ ਮਾਰੋ (ਟਵਿਸਟ ਟਾਈ ਨਾ ਵਰਤੋ)।
- ਪਲਾਸਟਿਕ ਬੈਗ / ਰੈਪ ਤੋਂ ਭੋਜਨ ਦੀਆਂ ਚੀਜ਼ਾਂ ਬਾਹਰ ਕੱਢੋ; ਬਹੁਤ ਜ਼ਿਆਦਾ ਪਲਾਸਟਿਕ ਸਮੱਸਿਆ ਦਾ ਕਾਰਨ ਬਣਦਾ ਹੈ।

**ਹਰੇ ਡੱਬੇ ਬਾਰੇ ਸੁਝਾਅ**






## ਹਾਂ ✓

- ਫਲ, ਸਬਜ਼ੀਆਂ
- ਮੀਟ, ਪੋਲਟਰੀ, ਮੱਛੀ ਉਤਪਾਦ
- ਪਾਸਤਾ, ਬ੍ਰੈਡ, ਅਨਾਜ, ਚੌਲ
- ਡੇਅਰੀ ਉਤਪਾਦ, ਅੰਡੇ ਅਤੇ ਸ਼ੈੱਲ (ਛਿਲਕੇ)
- ਪੀਸੀ ਕਾਫੀ / ਫਿਲਟਰ, ਚਾਹ ਦੀ ਥੈਲੀਆਂ
- ਕੇਕ, ਕੁਕੀਜ਼, ਕੈਂਡੀ
- ਡਾਇਪਰ, ਸਵੱਛਤਾ ਉਤਪਾਦ
- ਪਸ਼ੂ ਕੂੜਾ-ਕਰਕਟ, ਬਿਸਤਰਾ, ਬਿੱਲੀ ਦਾ ਕੂੜ
- ਘਰ ਦੇ ਬੂਟੇ, ਮਿੱਟੀ ਸਮੇਤ
- ਗੰਦੇ ਪੇਪਰ
  - ਫੂਡ ਪੈਕੇਜਿੰਗ, ਆਈਸ ਕਰੀਮ ਦੇ ਡੱਬੇ, ਮੱਕੀ ਦੇ ਫੁੱਲੇ, ਆਟਾ ਅਤੇ ਖੰਡ ਦੀਆਂ ਥੈਲੀਆਂ
  - ਟਿਸ਼ੂ, ਨੈਪਕਿਨ, ਕਾਗਜ਼ ਤੌਲੀਏ (ਸਫ਼ਾਈ ਦੇ ਉਤਪਾਦ ਦੇ ਤੌਰ ਤੇ ਰਸਾਇਣ ਦੇ ਨਾਲ ਗੰਦੇ ਨਾ ਹੋਏ ਹੋਣ)





## ਨਾਂ ✗

ਭੋਜਨ ਦੀਆਂ ਚੀਜ਼ਾਂ ਨੂੰ ਹਰੇ ਡੱਬੇ ਵਿੱਚ ਪਾਓ, ਉਸਦੇ ਲਿਫਾਫੇ ਨੂੰ ਕੂੜੇ ਵਿੱਚ ਸੁੱਟੋ।



### ਪੈਕੇਜਿੰਗ

- ਪਲਾਸਟਿਕ ਜਾਂ ਫੋਇਲ ਦੇ ਥੈਲੇ/ਰੈਪ/ਟ੍ਰੇਆਂ
- ਬਾਹਰੀ ਪੈਕਿੰਗ
- ਫ਼ੋਮ ਪੋਲੀਸਟੀਰੀਨ ਮੀਟ ਟ੍ਰੇਆਂ ਅਤੇ ਲਾਈਨਰ
- ਪਲਾਸਟਿਕ ਦੇ ਭੋਜਨ ਦੇ ਡੱਬੇ, ਕੱਚ ਦੀਆਂ ਬਰਨੀਆਂ, ਪੌਪ ਦੇ ਕੈਨ
- ਗਰਮ ਤਰਲ ਪੀਣ ਲਈ ਪਿਆਲੇ, ਢੱਕਣ, ਸਲੀਵਜ਼



### ਕੂੜਾ

- ਡ੍ਰਾਇਅਰ ਦੀਆਂ ਸ਼ੀਟਾਂ, ਬੱਚੇ ਨੂੰ ਸਾਫ਼ ਕਰਣ ਵਾਲੇ ਵਾਈਪਸ, ਸ਼ਿੰਗਾਰ ਦੇ ਪੈਡ, ਦੰਦਾਂ ਦਾ ਫਲੌਸ, ਰੂੰ ਦੇ ਫੋਹੇ ਲੱਗੇ ਸਾਫ਼ ਕਰਣ ਵਾਲੇ ਤੀਲੇ
- ਵਾਲ, ਪਾਲਤੂ ਜਾਨਵਰਾਂ ਦੇ ਵਾਲ, ਖੰਭ, ਮੋਮ, ਲੱਕੜ ਦੇ ਟੁਕੜੇ, ਸਿਗਰਟ ਦਾ ਬਚੇ ਹੋਏ ਟੁਕੜੇ, ਵਾਈਨ ਦੇ ਢੱਕਣ, ਵੈਕਿਊਮ ਬੈਗ/ ਸਮੱਗਰੀ, ਫਾਇਰਪਲੇਸ ਅਤੇ ਬਾਰਬੀਕਿਊ ਦੀ ਸੁਆਹ




**ਹੋਰ ਸੁਝਾਅ**

### ਸੜਕ ਕਿਨਾਰੇ ਤੋਂ ਚੁੱਕਣਾ

- ਆਪਣੀ ਰਸੋਈ ਦੇ ਡੱਬੇ ਜਾਂ ਹਰੇ ਡੱਬੇ ਚੋਂ ਕਿਸੇ ਇੱਕ ਵਿੱਚ ਅਸਤਰ ਲਗਾਓ। ਦੋਨਾਂ ਵਿੱਚ ਅਸਤਰ ਨਾ ਲਗਾਓ।
- ਦੋਨਾਂ ਵਿੱਚੋਂ ਕਿਸੇ ਇੱਕ ਡੱਬੇ ਵਿੱਚ ਅਸਤਰ ਲਗਾਉਣ ਲਈ ਪਲਾਸਟਿਕ ਦੇ ਥੈਲੇ ਜਾਂ ਕਰਾਫਟ ਦੇ ਪੇਪਰ ਦੇ ਥੈਲੇ ਦੀ ਵਰਤੋਂ ਕਰੋ।
- ਵਾਧੂ ਸਮੱਗਰੀ? ਗੈਰ-ਭੋਜਨ ਕੂੜੇ (ਉਦਾਹਰਨ ਲਈ ਟਿਸ਼ੂਜ਼, ਡਾਇਪਰ, ਜਾਨਵਰ ਦੀ ਰਹਿੰਦ) ਨੂੰ ਆਪਣੇ ਹਰੇ ਡੱਬੇ ਦੇ ਨਾਲ ਪਾਰਦਰਸ਼ਕ ਥੈਲੇ ਵਿੱਚ ਪਾਓ।

### ਬਹੁ-ਰਿਹਾਇਸ਼ੀ ਸਥਾਨ ਤੋਂ ਚੁੱਕਣਾ ‘(ਜੇ ਲਾਗੂ ਹੋਵੇ)

- ਆਪਣੀ ਰਸੋਈ ਦੇ ਡੱਬੇ ਨੂੰ ਪਲਾਸਟਿਕ ਦੇ ਥੈਲੇ ਦਾ ਅਸਤਰ ਲਗਾਓ।
- ਥੈਲੇ ਨੂੰ ਆਪਣੀ ਬਿਲਡਿੰਗ ਦੇ ਹਰੇ ਡੱਬੇ ਵਿੱਚ ਪਾਓ।

# ਕਿਰਪਾ ਕਰਕੇ ਜੈਵਿਕ ਪ੍ਰੋਗਰਾਮ ਨੂੰ ਦੂਸ਼ਿਤ ਨਾ ਕਰੋ।

## ਇਹ ਵਸਤੂਆਂ ਹਰੇ ਡੱਬੇ ਵਿੱਚ ਨਹੀਂ ਜਾਂਦੀਆਂ ਕਿਉਂਕਿ ਇਹ ਪ੍ਰਣਾਲੀ ਨੂੰ ਦੂਸ਼ਿਤ ਕਰਦੀਆਂ ਹਨ:

ਨਹੀਂ

- ਪਲਾਸਟਿਕ ਦੇ ਥੈਲੇ/ਰੈਪ*
- ਪਲਾਸਟਿਕ ਦੇ ਭੋਜਨ ਦੇ ਡੱਬੇ ਅਤੇ ਕੱਚ ਦੀਆਂ ਬਰਨੀਆਂ
- ਸਧਾਰਨ ਕੂੜਾ
  (ਜਿਵੇਂ ਸਿਗਰਟ ਦੇ ਬਚੇ ਟੁਕੜੇ, ਵਾਇਨ ਦੇ ਢੱਕਣ, ਰੂੰ ਦੇ ਫੋਹੇ, ਬੱਚਿਆਂ ਦੇ ਸਾਫ਼ ਕਰਨ ਵਾਲੇ ਵਾਈਪਸ, ਗੰਮ, ਪਾਲਤੂ ਜਾਨਵਰਾਂ ਦੇ ਖੰਭ ਅਤੇ ਵਾਲ)
- ਡਾਕਟਰੀ ਕੂੜਾ
  (ਜਿਵੇਂ ਕੱਪੜੇ ਅਤੇ ਪਲਾਸਟਿਕ ਦੀਆਂ ਪੱਟੀਆਂ, ਜਾਲੀਦਾਰ ਪੱਟੀ, ਨਾੜੀ, ਨਲਿਕਾ/ਕੋਲੋਸਟੋਮੀ ਥੈਲੇ ਅਤੇ ਟਿਊਬਾਂ)
- ਪੌਪ ਦੇ ਕੈਨ
- ਲੱਕੜ ਦੇ ਟੁਕੜੇ

*ਕਿਰਪਾ ਕਰਕੇ ਭੋਜਨ ਦੀਆਂ ਚੀਜ਼ਾਂ ਨੂੰ ਉਹਨਾਂ ਦੇ ਪਲਾਸਟਿਕ ਦੇ ਥੈਲੇ/ਰੈਪ ਚੋਂ ਬਾਹਰ ਕੱਢ ਲਵੋ (ਜਿਵੇਂ ਗਾਜਰਾਂ ਦੇ ਥੈਲੇ, ਡਬਲਰੋਟੀ ਦੇ ਥੈਲੇ ਆਦਿ)। ਭੋਜਨ ਦੀਆਂ ਚੀਜ਼ਾਂ ਨੂੰ ਹਰੇ ਡੱਬੇ ਵਿੱਚ ਪਾਓ ਅਤੇ ਪਲਾਸਟਿਕ ਦੇ ਥੈਲਿਆਂ ਨੂੰ ਕੂੜੇ ਵਿੱਚ।

**ਕਿਰਪਾ ਕਰਕੇ ਭੋਜਨ ਪਦਾਰਥਾਂ ਵਾਲੇ ਪਲਾਸਟਿਕ ਦੇ ਡੱਬਿਆਂ ਅਤੇ ਕੱਚ ਦੀਆਂ ਬਰਨੀਆਂ ਨੂੰ ਹਰੇ ਡੱਬੇ ਵਿੱਚ ਨਾ ਸੁੱਟੋ। ਭੋਜਨ ਨੂੰ ਹਰੇ ਡੱਬੇ ਵਿੱਚ ਪਾਓ ਅਤੇ ਡੱਬੇ ਦੀ ਕਿਸਮ ਦੇ ਅਧਾਰ ਤੇ ਉਸਨੂੰ ਰਿਸਾਈਕਲਿੰਗ (ਰਹਿੰਦ ਨੂੰ ਹਟਾਉਣ ਲਈ ਖੰਘਾਲੋ) ਜਾਂ ਕੂੜੇ ਵਿੱਚ ਪਾਓ।

ਨਵੀਨਤਮ ਕੀਤਾ: ਮਾਰਚ 2013

**ਜੇ ਮੈਂ ਪਲਾਸਟਿਕ ਦੇ ਥੈਲੇ ਨੂੰ ਡੱਬੇ ਵਿੱਚ ਅਸਤਰ ਲਗਾਉਣ ਲਈ ਵਰਤ ਸਕਦਾ/ਦੀ ਹਾਂ, ਤਾਂ ਮੈਂ ਬਾਕੀ ਪਲਾਸਟਿਕ ਦੀਆਂ ਚੀਜ਼ਾਂ ਜਿਵੇਂ ਦਹੀਂ ਦੇ ਡੱਬੇ ਜਾਂ ਪਲਾਸਟਿਕ ਦੇ ਰੈਪ ਡੱਬੇ ਵਿੱਚ ਕਿਉਂ ਨਹੀਂ ਪਾ ਸਕਦਾ/ਦੀ?**

ਜਦ ਕਿ ਆਪਣੇ ਡੱਬਿਆਂ ਨੂੰ ਪਲਾਸਟਿਕ ਦੇ ਥੈਲੇ ਦਾ ਅਸਤਰ ਲਗਾਉਣਾ ਠੀਕ ਹੈ, ਪਰ ਪਲਾਸਟਿਕ ਦੇ ਥੈਲੇ, ਡਬਲਰੋਟੀ ਦੇ ਥੈਲੇ ਅਤੇ ਪਲਾਸਟਿਕ ਦੀ ਹੋਰ ਪੈਕੇਜਿੰਗ ਸ਼ਾਮਲ ਕਰਨਾ ਠੀਕ ਨਹੀਂ। ਬਹੁਤ ਜ਼ਿਆਦਾ ਪਲਾਸਟਿਕ ਪ੍ਰੋਸੈਸਿੰਗ ਕੇਂਦਰ ਵਿੱਚ ਗੁਣਵੱਤਾ ਸਬੰਧੀ ਗੰਭੀਰ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਅਸੀਂ ਸਾਫ਼ ਅਤੇ ਚੰਗੀ ਖਾਦ ਤਿਆਰ ਕਰਣ ਵਿੱਚ ਤੁਹਾਡੀ ਮਦਦ ਨੂੰ ਸਲਾਹੁੰਦੇ ਹਾਂ।

**ਕੀ ਮੈਨੂੰ ਹਰੇ ਡੱਬੇ ਵਿੱਚ ਕੁਦਰਤੀ ਤੌਰ ਤੇ ਸੜਨਸ਼ੀਲ ਥੈਲੇ ਵਰਤਣੇ ਚਾਹੀਦੇ ਹਨ?**

ਖਾਸ ਥੈਲੇ ਖਰੀਦਣ ਦੀ ਕੋਈ ਲੋੜ ਨਹੀ ਹੈ; ਵਰਤੇ ਹੋਏ ਕਰਿਆਨੇ ਦੇ ਥੈਲੇ ਹੀ ਠੀਕ ਹਨ। ਕੁਦਰਤੀ ਤੌਰ ਤੇ ਸੜਨਸ਼ੀਲ ਥੈਲਿਆਂ ਦੀ ਵਰਤੋਂ ਕੋਈ ਖਾਸ ਲਾਭ ਮੁਹੱਈਆ ਨਹੀਂ ਕਰਦੀ। ਜੈਵਿਕ ਪਦਾਰਥਾਂ ਦੇ ਭਰੇ ਥੈਲੇ ਖੋਲਣ ਵਾਲੀ ਵਿਧੀ ਖਾਦ ਬਣਨ ਯੋਗ/ਸੜਨਸ਼ੀਲ ਪਲਾਸਟਿਕ ਦੇ ਥੈਲਿਆਂ ਦਾ ਆਮ ਪਲਾਸਟਿਕ ਦੇ ਥੈਲਿਆਂ ਤੋਂ ਫ਼ਰਕ ਨਹੀਂ ਕਰ ਸਕਦੀ। ਸਾਰੇ ਥੈਲਿਆਂ ਨੂੰ ਇੱਕੋ ਤਰਾਂ ਖੋਲ੍ਹਿਆ, ਹਟਾਇਆ ਅਤੇ ਅਵਸ਼ੇਸ਼ਾਂ ਦੀ ਤਰਾਂ ਉਪਚਾਰ ਕੀਤਾ ਜਾਂਦਾ ਹੈ ਜਿਹਨਾਂ ਨੂੰ ਜ਼ਮੀਨ ਹੇਠ ਨਿਪਟਾਰੇ ਦੀ ਲੋੜ ਹੁੰਦੀ ਹੈ।

**ਸੜਕ ਕਿਨਾਰੇ ਤੋਂ ਚੁੱਕਣਾ: ਜੇ ਮੇਰਾ ਹਰਾ ਡੱਬਾ ਗੁਆਚ ਜਾਂਦਾ ਜਾਂ ਹੋਰ ਚਾਹੀਦਾ ਹੈ ਤਾਂ ਕੀ ਹੁੰਦਾ ਹੈ - ਕੀ ਮੈਂ ਵਾਧੂ ਡੱਬੇ ਖਰੀਦ ਸਕਦਾ ਹਾਂ।**

ਘਰ ਦੇ ਅੰਦਰੂਨੀ ਕੰਟੇਨਰ ਅਤੇ ਡੱਬੇ ਚੋਣਵੇਂ ਪਰਚੂਨ ਵਿਕ੍ਰੇਤਾਵਾਂ, ਸਿਟੀ ਕੰਟੇਨਰ ਪਿੱਕ-ਅੱਪ ਟਿਕਾਣਿਆਂ ਅਤੇ ਕਮਿਊਨਿਟੀ ਵਾਤਾਵਰਣ ਦਿਨਾਂ ਤੇ ਉਪਲੱਬਧ ਹਨ (toronto.ca/recycle ਜਾਂ 311 ਤੇ ਕਾਲ ਕਰੋ)।

**ਹਰੇ ਡੱਬੇ ਦੀ ਪਰੋਸੈਸਿੰਗ - ਜਾਣੋ ਕਿ ਹਰੇ ਡੱਬੇ ਵਿੱਚ ਗਈਆਂ ਚੀਜ਼ਾਂ ਨਾਲ ਕੀ ਹੁੰਦਾ ਹੈ।**
"From curbside to compost" (ਸੜਕ ਦੇ ਕਿਨਾਰੇ ਤੋਂ ਖਾਦ) ਆਨਲਾਈਨ ਟੂਰ ਲਵੋ।

**toronto.ca/greenbin**

**ਨਿਸ਼ਚਿਤ ਨਹੀਂ ਹੋ ਕਿ ਕਿਸੇ ਚੀਜ਼ ਦਾ ਨਿਪਟਾਰਾ ਕਿਸ ਤਰ੍ਹਾਂ ਕਰਨਾ ਹੈ?**

**ਵੇਸਟ ਵਿਜ਼ਰਡ** ਇੱਕ ਆਨਲਾਈਨ ਖੋਜ ਉਪਕਰਣ ਹੈ, 1500 ਤੋਂ ਵੱਧ ਕੂੜੇ ਦੀਆਂ ਚੀਜ਼ਾਂ ਦਿਖਾਉਂਦਾ ਹੈ ਅਤੇ ਦੱਸਦਾ ਹੈ ਕਿ ਉਹਨਾਂ ਦਾ ਠੀਕ ਤਰਾਂ ਨਿਪਟਾਰਾ ਕਿਵੇਂ ਕਰਨਾ ਹੈ। ਇਸ ਨੂੰ toronto.ca/recycle ਤੇ ਲਭੋ (ਜਾਂ 311 ਤੇ ਕਾਲ ਕਰੋ)।